## First Term Examination (21 September 2017)

**Class - X**
**Paper - Punjabi**
**Set - A**

**Time: 3 hrs.** **MM: 80**

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਵਿੱਚ ਦਿਓ:** **(4×1=4)**

ੳ) 'ਮੈਂ ਕਿਸੇ ਤੋਂ ਘੱਟ ਨਹੀ" ਕਹਾਣੀ ਵਿੱਚ ਚਿੜੀਆ ਘਰ ਦੇ ਅਫ਼ਸਰ ਨੇ ਰਜਨੀ ਦੇ ਨਾਂ ਦੀ ਕਿਸ ਕੋਲ ਸਿਫਾਰਸ਼ ਕਰਨ ਦੀ ਗੱਲ ਕਹੀ ਸੀ?

ਅ) ਮੀਨਾਕਸ਼ੀ ਦੇ ਮੰਮੀ-ਪਾਪਾ ਉਸ ਨੂੰ ਕਿਸ ਗੱਲ ਤੋਂ ਰੋਕਦੇ ਸਨ?

ੲ) ਵਿਸ਼ਨੂੰ ਗੁਪਤ ਅਨੁਸਾਰ ਲੱਛਮੀ ਕਿਹੋ ਜਿਹੇ ਲੋਕਾਂ ਨੂੰ ਛੱਡ ਦਿੰਦੀ ਹੈ?

ਸ) 'ਹੈਂਕੜ ਅਤੇ ਹਉਮੈ ਦੀ ਮਾਰ' ਲੇਖ ਕਿਸ ਦੀ ਰਚਨਾ ਹੈ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਲਿਖੋ:** **(6×2=12)**

ੳ) ਸਕੂਲ ਦੇ ਸਲਾਨਾ ਸਮਾਗਮ ਵਿੱਚ ਕਿਸ ਨੂੰ ਸਨਮਾਨਿਤ ਕੀਤਾ ਗਿਆ ਤੇ ਕਿਉਂ?

ਅ) 'ਈਅਰ ਫੋਨ' ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ੲ) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਬਾਰੇ ਲਿਖੋ।

ਸ) ਬੀਬੀ ਭਾਨੀ ਜੀ ਕਿਹੜੇ ਗੁਣਾਂ ਦੇ ਧਾਰਨੀ ਸਨ? ਵਿਸਥਾਰ ਨਾਲ ਲਿਖੋ।

ਹ) ਮੈਲਬੋਰਨ ਦੀ ਕਿਹੜੀ ਚੀਜ਼ ਨੇ ਮਿਲਖਾ ਸਿੰਘ ਨੂੰ ਪ੍ਰਭਾਵਿਤ ਕੀਤਾ?

ਕ) ਕਿਹੜੀ ਦੌੜ ਜਿੱਤਣ ਪਿੱਛੋਂ ਦੁਨੀਆ ਵਿੱਚ ਮਿਲਖਾ ਸਿੰਘ - ਮਿਲਖਾ ਸਿੰਘ ਹੋ ਗਈ ਸੀ?

**3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ।** **(1×5=5)**

'ਬੇਬੇ ਰਾਮ ਭਜਨੀ' ਇਕਾਂਗੀ ਦੀ ਮੁੱਖ ਪਾਤਰ ਬੇਬੇ ਰਾਮ ਭਜਨੀ ਦੀ ਪਾਤਰ ਉਸਾਰੀ ਕਰੋ।

**ਜਾਂ**

'ਗੁੰਮ ਨੇ ਰਸੋਈ ਵਿੱਚੋ" ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**4) ਕਦਰਾਂ ਕੀਮਤਾਂ ਤੇ ਅਧਾਰਤ** **(4)**

ਹੰਕਾਰੀ ਸੋਚ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਲੈ ਜਾਂਦੀ ਹੈ ਅਤੇ ਉਹ ਜਨਮ-ਮਰਨ ਦੇ ਚੱਕਰਾਂ ਵਿੱਚ ਫਸਿਆ ਰਹਿੰਦਾ ਹੈ। ਇਸ ਸੰਬੰਧੀ ਆਪਣੇ ਵਿਚਾਰ 100-125 ਸ਼ਬਦਾਂ ਵਿੱਚ ਲਿਖੋ।



Set - A

**5ੳ) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:**

ਸ਼ਾਹ ਹੁਸੈਨ ਦੇ ਕੁਝ ਦੋਖੀਆਂ ਨੇ ਅਕਬਰ ਬਾਦਸ਼ਾਹ ਦੇ ਕੰਨਾਂ ਵਿੱਚ ਇਹ ਫੂਕ ਮਾਰੀ ਕਿ ਲਾਹੌਰ ਵਿੱਚ ਹੁਸੈਨ ਨਾਂ ਦਾ ਇੱਕ ਫ਼ਕੀਰ ਹੈ, ਜਿਸ ਨੇ ਦਾੜ੍ਹੀ-ਮੁੱਛ ਸਫ਼ਾ-ਚੱਟ ਕਰਵਾ ਛੱਡੀ ਹੈ ਤੇ ਲਾਲ ਸੂਹੇ ਕਪੜੇ ਪਾਉਂਦਾ, ਖੁੱਲ੍ਹਮ-ਖੁੱਲ੍ਹਾ ਕੁਰਹਿਤਾਂ ਕਰਦਾ, ਮਾਧੋ ਨਾਂ ਦੇ ਇੱਕ ਮੁੰਡੇ ਨੂੰ ਨਾਲ਼ ਲਈ ਫਿਰਦਾ ਤੇ ਢੋਲ ਦੀ ਤਾਲ ਨਾਲ਼ ਉਸ ਦੇ ਹੱਥ ਵਿੱਚ ਹੱਥ ਪਾ ਕੇ ਨਾਚ ਕਰਦਾ ਹੈ ਤੇ ਇਸ ਸਭ ਕੁਝ ਦੇ ਹੁੰਦੇ ਹੋਏ ਵੀ ਵਲੀ ਹੋਣ ਦਾ ਦਾਅਵਾ ਕਰਦਾ ਹੈ। ਇਹ ਸੁਣ ਕੇ ਬਾਦਸ਼ਾਹ ਨੇ ਲਾਹੌਰ ਦੇ ਕੋਤਵਾਲ ਮਲਿਕ ਅਲੀ ਦੇ ਨਾਂ ਇਹ ਫ਼ਰਮਾਨ ਜਾਰੀ ਕੀਤਾ ਕਿ ਕੁਰਾਹੀਏ ਹੁਸੈਨ ਨੂੰ ਬੇੜੀਆਂ ਪਾ ਕੇ ਦਰਬਾਰ ਵਿੱਚ ਹਾਜ਼ਰ ਕੀਤਾ ਜਾਏ। ਹੁਕਮ ਪਹੁੰਚਦੇ ਹੀ ਕੋਤਵਾਲ ਨੇ ਪਿਆਦਿਆਂ ਨੂੰ ਹੁਸੈਨ ਦੀ ਗ੍ਰਿਫ਼ਤਾਰੀ ਲਈ ਭੇਜਿਆ, ਪਰ ਲਾਹੌਰ ਦੇ ਅੰਦਰ ਮੌਜੂਦ ਹੋਣ ਦੇ ਬਾਵਜੂਦ ਉਹ ਉਨ੍ਹਾਂ ਦੇ ਹੱਥ ਨਾ ਆਇਆ। ਏਥੋਂ ਤਕ ਕਿ ਇੱਕ ਦਿਨ ਮਲਿਕ ਅਲੀ ਬਾਦਸ਼ਾਹ ਦੇ ਹੁਕਮ ਨਾਲ਼ ਅਬਦੁੱਲੇ ਭੱਟੀ ਨੂੰ ਘੋੜ-ਮੰਡੀ ਵਿੱਚ ਸੂਲੀ 'ਤੇ ਟੰਗ ਰਿਹਾ ਸੀ, ਲੋਕਾਂ ਦੀ ਭੀੜ ਦਾ ਕੋਈ ਅੰਤ ਨਹੀਂ ਸੀ। ਹੁਸੈਨ ਵੀ ਉਸ ਪਾਸਿਓਂ ਲੰਘਿਆ, ਕੋਤਵਾਲ ਨੇ ਵੇਖਦੇ ਸਾਰ (ਉਸ ਨੂੰ) ਫੜ ਲਿਆ ਤੇ ਬੰਦੀਖ਼ਾਨੇ ਵਿੱਚ ਭੇਜ ਦਿੱਤਾ; ਪਰ ਉਹ ਉਸ ਪੀਰ ਦਿਲਗੀਰ (ਸ਼ਾਹ ਹੁਸੈਨ) ਦੀਆਂ ਲੱਤਾਂ ਨੂੰ ਜਿਹੜੀ ਬੇੜੀ ਪਾਏ, ਉਹੀ ਆਪਣੇ ਆਪ ਝੜ ਜਾਏ। ਇਹ ਵਡਿਆਈ ਵੇਖ ਕੇ ਮਲਿਕ ਅਲੀ ਨੇ ਕਿਹਾ, 'ਹੇ ਹੁਸੈਨ! ਤੂੰ ਆਪਣੇ ਜਾਦੂ-ਟੂਣੇ ਨਾਲ਼ ਬੇੜੀਆਂ ਤੋੜ ਦੇਂਦਾ ਹੈਂ, ਪਰ ਜੇ ਤੇਰੇ ਦੋਹਾਂ ਪੈਰਾਂ ਵਿੱਚ ਲੋਹੇ ਦੇ ਕਿੱਲ ਠੋਕ ਕੇ ਤੈਨੂੰ ਬਾਦਸ਼ਾਹ ਦੇ ਪਾਸ ਨਾ ਭੇਜਿਆ, ਤਾਂ ਮੇਰਾ ਨਾਂ ਮਲਿਕ ਅਲੀ ਕੋਤਵਾਲ ਨਹੀਂ।' ਹੁਸੈਨ ਨੇ ਫ਼ਰਮਾਇਆ, 'ਛੇਤੀ ਹੀ ਲੋਹੇ ਦੀਆਂ ਮੇਖਾਂ ਤੇਰੇ ਸਰੀਰ ਵਿੱਚ ਠੋਕੀਆਂ ਜਾਣ ਤੇ ਤੂੰ ਇਸੇ ਦੁੱਖ ਨਾਲ਼ ਪ੍ਰਾਣ ਤਿਆਗੇਂ।' ਸੰਜੋਗ ਇਹ ਹੋਇਆ ਕਿ ਮਲਿਕ ਅਲੀ ਦੇ ਨਾਂ ਅਬਦੁੱਲਾ ਭੱਟੀ ਦੇ ਕਤਲ ਦੇ ਸੰਬੰਧ ਵਿੱਚ ਜਿਹੜਾ ਸ਼ਾਹੀ ਫ਼ਰਮਾਨ ਜਾਰੀ ਹੋਇਆ ਸੀ, ਉਸ ਵਿੱਚ ਲਿਖਿਆ ਹੋਇਆ ਸੀ ਕਿ ਸੂਲ਼ੀ ਉੱਤੇ ਟੰਗੇ ਜਾਣ ਸਮੇਂ ਅਬਦੁੱਲਾ ਜੋ ਕੁਝ ਵੀ ਕਹੇ ਮਲਿਕ ਅਲੀ ਉਸ ਦਾ ਵੇਰਵਾ ਹਜ਼ੂਰ ਬਾਦਸ਼ਾਹ ਦੇ ਪਾਸ ਭੇਜੇ। ਰੱਬ ਦੀ ਕਰਨੀ ਐਸੀ ਹੋਈ ਕਿ ਅਬਦੁੱਲੇ ਨੇ ਅੰਤਲੇ ਸਮੇਂ ਬਾਦਸ਼ਾਹ ਨੂੰ ਹਜ਼ਾਰਾਂ ਗੰਦੀਆਂ ਗਾਲ਼ਾਂ ਕੱਢੀਆਂ। ਮਲਿਕ ਅਲੀ ਨੇ ਆਪਣੀ ਰਿਪੋਰਟ ਵਿੱਚ ਉਹ ਸਾਰੀਆਂ ਗਾਲ਼ਾਂ ਲਫ਼ਜ਼-ਬਲਫ਼ਜ਼ ਦਰਜ ਕਰ ਦਿੱਤੀਆਂ। ਰਿਪੋਰਟ ਪੜ੍ਹ ਕੇ ਬਾਦਸ਼ਾਹ ਭੜਕ ਉਠਿਆ। ਉਹ ਮਲਿਕ ਅਲੀ ਦੀ ਬੇਅਕਲੀ ਉੱਤੇ ਹੈਰਾਨ ਸੀ ਕਿ ਅਬਦੁੱਲੇ ਦੀਆਂ ਗਾਲ਼ਾਂ ਇੰਨ-ਬਿੰਨ ਲਿਖ ਕੇ ਭੇਜ ਦਿੱਤੀਆਂ ਤੇ ਸ਼ਾਹੀ ਸਜ਼ਾ ਤੋਂ ਭੈਅ ਨਹੀਂ ਖਾਧਾ। ਸੋ ਲਾਹੌਰ ਦੇ ਨਾਜ਼ਿਮ ਦੇ ਨਾਂ ਹੁਕਮ ਜਾਰੀ ਕੀਤਾ ਗਿਆ ਕਿ ਮਲਿਕ ਅਲੀ ਦੇ ਸਰੀਰ ਵਿੱਚ ਲੋਹੇ ਦੀਆਂ ਮੇਖਾਂ ਠੋਕ ਕੇ ਉਸ ਨੂੰ ਕਤਲ ਕਰ ਦਿੱਤਾ ਜਾਏ, ਤੇ ਉਸ ਦੀ ਘਰ ਵਾਲ਼ੀ ਤੇ ਬੱਚਿਆਂ ਨੂੰ ਸੂਲੀ 'ਤੇ ਟੰਗ ਦਿੱਤਾ ਜਾਏ। ਉਸ ਫ਼ਕੀਰ ਦੇ ਦੋਖੀ ਨੂੰ ਇਸ ਤਰ੍ਹਾਂ ਸ਼ਾਹੀ ਹੁਕਮ ਨਾਲ਼ ਸਜ਼ਾ ਮਿਲੀ। ਮਲਿਕ ਅਲੀ ਤੇ ਉਸ ਦੇ ਸੰਬੰਧੀਆਂ ਦੀਆਂ ਕਬਰਾਂ ਹੁਣ ਤਕ ਮਿਆਨੀ ਵਾਲ਼ੇ ਕਬਰਿਸਤਾਨ ਵਿੱਚ ਲੋਕਾਂ ਲਈ ਸਿੱਖਿਆ ਦਾ ਸਾਧਨ ਬਣੀਆਂ ਹੋਈਆਂ ਹਨ।

ੳ) ਦੋਖੀਆਂ ਨੇ ਸ਼ਾਹ ਹੁਸੈਨ ਦੀ ਅਕਬਰ ਬਾਦਸ਼ਾਹ ਕੋਲ ਕੀ ਸ਼ਿਕਾਇਤ ਕੀਤੀ? (2)

ਅ) ਅਕਬਰ ਬਾਦਸ਼ਾਹ ਨੇ ਲਾਹੌਰ ਦੇ ਕੋਤਵਾਲ ਨੂੰ ਕੀ ਸ਼ਾਹੀ ਫੁਰਮਾਨ ਜਾਰੀ ਕੀਤਾ? (2)

ੲ) ਲਾਹੌਰ ਦੇ ਕੋਤਵਾਲ ਨੇ ਸ਼ਾਹ ਹੁਸੈਨ ਨੂੰ ਕਿਵੇਂ ਗ੍ਰਿਫਤਾਰ ਕੀਤਾ? (2)

ਸ) ਬੇੜੀਆਂ ਝੜ ਜਾਣ 'ਤੇ ਲਾਹੌਰ ਦੇ ਕੋਤਵਾਲ ਨੇ ਸ਼ਾਹ ਹੁਸੈਨ ਨੂੰ ਕੀ ਕਿਹਾ ਅਤੇ ਸ਼ਾਹ ਹੁਸੈਨ ਨੇ ਕੋਤਵਾਲ ਨੂੰ ਕਿਹੜਾ ਸਰਾਪ ਦਿੱਤਾ? (2)

ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ। (1)

**ਅ) ਹੇਠ ਲਿਖੀ ਅਣਡਿੱਠੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।**

ਆ ਜਾ ਤੈਨੂੰ ਆਪਣਾ ਮੈਂ, ਪਿੰਡ ਵਿਖਾਵਾਂ ਦੋਸਤਾ
ਇਹ ਹੈ ਮੇਰੇ ਪਿੰਡ ਦੀ ਮਿੱਟੀ, ਚੁੱਕ ਮੱਥੇ ਲਾਵਾਂ ਦੋਸਤਾ।
ਮੱਠੀ-ਮੱਠੀ ਪੌਣ ਇੱਥੋਂ ਦੀ, ਵੰਡਦੀ ਹੈ ਖੁਸ਼ਬੋਈ,
ਸ਼ੁੱਧ ਤੇ ਤਾਜ਼ਾ ਰਹਿੰਦੀ ਹਰਦਮ, ਪ੍ਰਦੂਸ਼ਣ ਨਾ ਕੋਈ।
ਤੇਰੇ ਪਿੰਡ ਨੂੰ ਛੋਹ ਮੈਂ, ਇਸਦੀ ਛੁਹਾਵਾਂ ਦੋਸਤਾ
ਇਹ ਹੈ ਮੇਰੇ ਪਿੰਡ ਦੀ ਮਿੱਟੀ ..................।

ਪ੍ਰ. ਕਵੀ ਆਪਣੇ ਦੋਸਤ ਨੂੰ ਕੀ ਦਿਖਾਉਣਾ ਚਾਹੁੰਦਾ ਹੈ? (2)

ਪ੍ਰ. ਕਵੀ ਆਪਣੇ ਪਿੰਡ ਦੀ ਮਿੱਟੀ ਨੂੰ ਕੀ ਕਰਨਾ ਚਾਹੁੰਦਾ ਹੈ? (2)

ਪ੍ਰ. ਪਿੰਡਾਂ ਦੀ ਹਵਾ ਕਿਸ ਤਰ੍ਹਾਂ ਦੀ ਹੁੰਦੀ ਹੈ? (2)



Set - A

## ਲਿਖਣ ਕੌਸ਼ਲ

**6) ਕਿਸੇ ਇਕ ਵਿਸ਼ੇ ਤੇ 200-250 ਸ਼ਬਦਾਂ ਦਾ ਲੇਖ ਲਿਖੋ:** **(10)**

**ਵਿਦਿਆਰਥੀਆਂ ਵਿੱਚ ਵੱਧ ਰਿਹਾ ਫੈਸ਼ਨ**

ਨੁਕਤੇ -

ਜੀਵਨ ਵਿਧੀ ਅਤੇ ਫੈਸ਼ਨ, ਵਿਦਿਆਰਥੀ ਵਰਗ ਅਤੇ ਫੈਸ਼ਨ, ਪਹਿਰਾਵੇ ਅਤੇ ਖੁਰਾਕ ਵਿੱਚ ਫੈਸ਼ਨ, ਬੋਲ-ਚਾਲ ਵਿੱਚ ਫੈਸ਼ਨ, ਅਨੁਸ਼ਾਸਨਹੀਣਤਾ, ਕਾਰਨ, ਨੁਕਸਾਨ ਅਤੇ ਸਾਰੰਸ਼

**ਜਾਂ**

**ਭ੍ਰਿਸ਼ਟਾਚਾਰ ਦੀ ਸਮੱਸਿਆ**

ਨੁਕਤੇ -

ਭ੍ਰਿਸ਼ਟਾਚਾਰ ਦਾ ਅਰਥ, ਇੱਕ ਲਾਹਨਤ, ਪੈਸਾ ਕਮਾਉਣ ਦੇ ਢੰਗ, ਭਾਰਤ ਵਿੱਚ ਭ੍ਰਿਸ਼ਟਾਚਾਰ ਦਾ ਪਿਛੋਕੜ, ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ

**7) ਕਿਸੇ ਇੱਕ ਵਿਸ਼ੇ ਤੇ ਪੱਤਰ ਲਿਖੋ।** **(8)**

ਤੁਹਾਡੇ ਦੁਆਰਾ ਮੰਗਵਾਈਆਂ ਪੁਸਤਕਾਂ ਸਮੇਂ ਤੇ ਠੀਕ ਹਾਲਤ ਵਿੱਚ ਮਿਲ ਗਈਆਂ ਹਨ। ਪੁਸਤਕ ਵਿਕਰੇਤਾ ਨੂੰ ਬਿੱਲ ਦਾ ਭੁਗਤਾਨ ਕਰੋ ਅਤੇ ਧੰਨਵਾਦ ਦੇ ਸ਼ਬਦ ਵੀ ਲਿਖੋ।

**ਜਾਂ**

ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਹੜ੍ਹਾਂ ਨਾਲ ਪੀੜਤ ਲੋਕਾਂ ਦੀ ਮਦਦ ਲਈ ਅਪੀਲ ਕਰਨ ਵਾਸਤੇ ਪੱਤਰ ਲਿਖੋ।

**8)** ਤੁਸੀਂ ਆਪਣੀ ਪੁਰਾਣੀ ਕਾਰ ਵੇਚਣੀ ਹੈ, ਉਸ ਲਈ ਇਸ਼ਤਿਹਾਰ ਲਿਖੋ। **(7)**

**ਜਾਂ**

**ਹੇਠਾਂ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਨਣ ਕਰੋ:**





Set - A

## ਵਿਆਕਰਨ (ਬਹੁ ਵਿਕਲਪੀ ਅਤੇ ਛੋਟੇ ਪ੍ਰਸ਼ਨ)

**9ੳ) ਹੇਠ ਲਿਖੇ ਸ਼ਬਦ ਸਮੂਹ ਦਾ ਸਹੀ ਸਮਾਸੀ ਸ਼ਬਦ ਚੁਣੋ:**

**ਜਗਤ ਦਾ ਗੁਰੂ** (2)

ੳ) ਜਗਤੀ ਗੁਰੂ ਅ) ਜਗਤ-ਗੁਰੂ ੲ) ਜਗਤ ਗੁਰੂ ਸ) ਗੁਰੂ-ਜਗਤ

**ਅ) ਵਿਰੋਧੀ ਅਰਥ ਵਾਲਾ ਸਹੀ ਸਮਾਸੀ ਸ਼ਬਦ ਚੁਣੋ:**

ੳ) ਗੱਲ-ਬਾਤ ਅ) ਆਪ-ਬੀਤੀ ੲ) ਸਵੈ-ਰੁਜ਼ਗਾਰ ਸ) ਸਵੇਰੇ-ਸ਼ਾਮ

**10ੳ) ਹੇਠ ਲਿਖੇ ਸ਼ਬਦ ਦਾ ਸਹੀ ਬਹੁਅਰਥਕ ਵਿਕਲਪ ਚੁਣੋ:** (3)

**ਕੋਟ**

ੳ) ਪਹਿਰਾਵਾ ਅ) ਕਰੋੜ, ਘੋਟਣਾ ੲ) ਪਹਿਰਾਵਾ, ਕਿਲ੍ਹਾ, ਵਾਰੀ, ਕਰੋੜ ਸ) ਦੂਰ, ਨੇੜੇ

**ਅ)** ਮਾਂ ਆਪਣੀ ਬੋਲੀ ਵਿੱਚ ਧੀ ਨੂੰ ਬੋਲੀ ਕਿ ਲਗਦੀ ਵਾਹ ਸਾਨੂੰ ਕਿਸੇ ਨੂੰ ਬੋਲੀ ਨਹੀਂ ਮਾਰਨੀ ਚਾਹੀਦੀ, ਇਸ ਵਾਕ ਵਿੱਚ 'ਬੋਲੀ ਮਾਰਨ' ਤੋਂ ਕੀ ਭਾਵ ਹੈ?

ੳ) ਆਪਣੀ ਗੱਲ ਅ) ਮਾਤ-ਭਾਸ਼ਾ ੲ) ਤਾਹਨੇ ਮਾਰਨੇ ਸ) ਬੋਲਣਾ

**ੲ) 'ਡੰਡੀ' ਦਾ ਇੱਕ ਅਰਥ ਹੈ 'ਛੋਟਾ ਰਸਤਾ', ਦੂਜਾ ਅਰਥ ਵੀ ਦੱਸੋ:**

ੳ) ਸੋਟਾ ਅ) ਟਹਿਣੀ ੲ) ਹਾਰ ਸ) ਸਜ਼ਾ

**11) ਵਿਸਰਾਮ ਚਿੰਨ੍ਹ ਲਗਾਓ:** (3)

ੳ) ਮਾਲਕ ਨੇ ਨੌਕਰ ਨੂੰ ਕਿਹਾ ਛੇਤੀ ਜਾ ਤੇ ਚੀਨੀ ਅੰਡੇ ਮੱਖਣ ਬਿਸਕੁਟ ਲੈ ਆ

ਅ) ਹਾਇ ਮੇਰੇ ਬੱਚੇ ਨੂੰ ਕੀ ਹੋ ਗਿਆ

ੲ) ਬਸੰਤ ਸਿੰਘ ਨੇ ਕਿਹਾ ਸਾਥੀਓ ਕੀ ਤੁਸੀਂ ਮੇਰਾ ਸਾਥ ਦਿਓਗੇ

**12) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋ:** (3)

ਕੌੜੀ ਵੇਲ ਵਾਂਗ ਵੱਧਣਾ, ਖਾਰ ਖਾਣੀ, ਘਿਉ ਦੇ ਦੀਵੇ ਬਾਲਣੇ

**13)ੳ) ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ:** ਉਪ, ਗੈਰ (2)

**ਅ) ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ:** ਸਾਰ, ਸ਼ਾਲਾ (2)



Set - A